# ਹਰ ਕਿਸੇ ਲਈ ਸਿਹਤ ਬੀਮਾ

ਵਾਸ਼ਿੰਗਟਨ ਵਿੱਚ ਹਰ ਕੋਈ, ਆਪਣੀ ਇਮੀਗ੍ਰੇਸ਼ਨ ਸਥਿਤੀ ਦੀ ਪਰਵਾਹ ਕੀਤੇ ਬਿਨਾਂ, ਸਿਹਤ ਅਤੇ ਦੰਦਾਂ ਦਾ ਬੀਮਾ ਪ੍ਰਾਪਤ ਕਰ ਸਕਦਾ ਹੈ।

## ਅਰਜ਼ੀ ਦੇਣ ਦੇ ਕਦਮ

### ਆਪਣੀ ਜਾਣਕਾਰੀ ਇਕੱਠੀ ਕਰੋ

ਅਰਜ਼ੀ ਬਾਰੇ ਚੈੱਕਲਿਸਟ.। ਅਰਜ਼ੀ ਦੇਣ ਲਈ ਤੁਹਾਨੂੰ ਸੋਸ਼ਲ ਸਕਿਉਰਿਟੀ ਨੰਬਰ ਦੀ ਲੋੜ ਨਹੀਂ ਹੈ।

### ਮਦਦ ਪ੍ਰਾਪਤ ਕਰੋ

ਕਿਸੇ ਨੇਵੀਗੇਟਰ (ਅਰਜ਼ੀ ਦੇਣ ਵਿੱਚ ਮਦਦ ਕਰਨ ਵਾਲਾ ਮਾਹਰ) ਨੂੰ ਲੱਭੋ ਜਾਂ ਗਾਹਕ ਸਹਾਇਤਾ ਕੇਂਦਰ (Customer Support Center) ਨਾਲ ਸੰਪਰਕ ਕਰੋ: 1-855-923-4633
TTY/TDD: 1-855-627-9604

### ਇੱਕ ਅਰਜ਼ੀ ਭਰੋ

ਤੁਸੀਂ ਬੀਮੇ ਲਈ ਆਨਲਾਈਨ ਜਾਂ ਕਿਸੇ ਨੇਵੀਗੇਟਰ ਦੇ ਨਾਲ ਵਿਅਕਤੀਗਤ ਤੌਰ 'ਤੇ ਅਰਜ਼ੀ ਦੇ ਸਕਦੇ ਹੋ।

Washington Healthplanfinder ਸੰਘੀ ਅਤੇ ਰਾਜ ਦੇ ਪ੍ਰੋਗਰਾਮਾਂ, WA Health Path ਅਤੇ ਬੱਚਤਾਂ ਲਈ ਤੁਹਾਡੀ ਯੋਗਤਾ ਦੀ ਜਾਂਚ ਕਰਦਾ ਹੈ। ਆਪਣੇ ਨਤੀਜੇ ਪ੍ਰਾਪਤ ਕਰਨ ਤੋਂ ਬਾਅਦ, ਇੱਕ ਪਲਾਨ ਚੁਣਨ ਅਤੇ ਦਾਖਲਾ ਲੈਣ ਲਈ ਸਕ੍ਰੀਨ 'ਤੇ ਦਿੱਤੀਆਂ ਹਿਦਾਇਤਾਂ ਦੀ ਪਾਲਣਾ ਕਰੋ।

## ਬੀਮੇ ਦੀ ਲਾਗਤ ਕਿੰਨੀ ਹੈ?

ਬੀਮੇ ਦੀ ਲਾਗਤ ਆਮਦਨ, ਪਰਿਵਾਰ ਦੇ ਆਕਾਰ ਅਤੇ ਤੁਸੀਂ ਕਿੱਥੇ ਰਹਿੰਦੇ ਹੋ, ਸਮੇਤ ਕਈ ਕਾਰਕਾਂ 'ਤੇ ਨਿਰਭਰ ਕਰਦੀ ਹੈ। ਕੁਝ ਲੋਕ ਪ੍ਰੋਗਰਾਮਾਂ ਲਈ ਯੋਗ ਹੁੰਦੇ ਹਨ ਜੋ ਮਹੀਨਾਵਾਰ ਲਾਗਤਾਂ ਨੂੰ ਘਟਾਉਂਦੇ ਹਨ। ਇੱਕ ਨੇਵੀਗੇਟਰ ਇਹ ਸਮਝਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ ਕਿ ਕੀ ਤੁਹਾਡੇ ਲਈ ਪ੍ਰੋਗਰਾਮ ਉਪਲਬਧ ਹਨ ਅਤੇ ਤੁਹਾਨੂੰ ਹਰ ਮਹੀਨੇ ਕਿੰਨਾ ਭੁਗਤਾਨ ਕਰਨਾ ਪਵੇਗਾ। Cascade Care ਪਲਾਨ ਲਗਭਗ ਹਮੇਸ਼ਾ ਤੁਹਾਡੇ ਪੈਸੇ ਲਈ ਸਭ ਤੋਂ ਵਧੀਆ ਕਵਰੇਜ ਦੀ ਪੇਸ਼ਕਸ਼ ਕਰਦੇ ਹਨ।

## ਕੀ ਮੇਰੀ ਜਾਣਕਾਰੀ ਨਿੱਜੀ ਹੈ?

ਤੁਹਾਡੀ ਸੁਰੱਖਿਆ ਸਾਡੇ ਲਈ ਮਹੱਤਵਪੂਰਨ ਹੈ। ਤੁਹਾਡੀ ਜਾਣਕਾਰੀ ਦੀ ਵਰਤੋਂ ਸਿਰਫ਼ ਤੁਹਾਡੇ ਲਈ ਉਪਲਬਧ ਬੀਮਾ ਪਲਾਨ ਅਤੇ ਬੱਚਤਾਂ ਨੂੰ ਲੱਭਣ ਲਈ ਕੀਤੀ ਜਾਂਦੀ ਹੈ। Washington Healthplanfinder ਸੰਘੀ ਤੌਰ 'ਤੇ ਮਾਨਤਾ ਪ੍ਰਾਪਤ ਇਮੀਗ੍ਰੇਸ਼ਨ ਸਥਿਤੀ ਤੋਂ ਬਿਨਾਂ ਲੋਕਾਂ ਦੀ ਜਾਣਕਾਰੀ ਸਾਂਝੀ ਨਹੀਂ ਕਰਦਾ।

ਜੇਕਰ ਤੁਸੀਂ Apple Health (Medicaid) ਵਿੱਚ ਦਾਖਲਾ ਲੈਂਦੇ ਹੋ, ਤਾਂ ਤੁਹਾਡੀ ਜਾਣਕਾਰੀ ਸਿਹਤ ਸੰਭਾਲ ਅਥਾਰਟੀ (Health Care Authority - HCA) ਦੁਆਰਾ ਸੰਭਾਲੀ ਜਾਂਦੀ ਹੈ। HCA ਦੀਆਂ ਗੋਪਨੀਯਤਾ ਪ੍ਰਥਾਵਾਂ ਬਾਰੇ ਹੋਰ ਪੜ੍ਹੋ।

## ਹਾਲੀਆ ਅੱਪਡੇਟ

ਅਸੀਂ ਸੰਘੀ ਬਦਲਾਵਾਂ ਦੀ ਨਿਗਰਾਨੀ ਕਰਦੇ ਹਾਂ ਅਤੇ Washington Healthplanfinder ਤੁਹਾਨੂੰ ਕਿਸੇ ਵੀ ਅਜਿਹੀ ਚੀਜ਼ ਬਾਰੇ ਸੂਚਿਤ ਕਰੇਗਾ ਜੋ ਤੁਹਾਡੇ ਬੀਮੇ ਜਾਂ ਬੱਚਤਾਂ ਨੂੰ ਪ੍ਰਭਾਵਿਤ ਕਰਦੀ ਹੈ।

ਵਾਸ਼ਿੰਗਟਨ ਵਿੱਚ ਹਰ ਕੋਈ ￼ ਦੀ ਵਰਤੋਂ ਕਰਕੇ ਸਿਹਤ ਅਤੇ ਦੰਦਾਂ ਦਾ ਬੀਮਾ ਪ੍ਰਾਪਤ ਕਰ Washington Healthplanfinderਸਕਦਾ ਹੈ, ਜਿਸ ਵਿੱਚ Deferred Action for Childhood Arrivals (DACA) DACA ਪ੍ਰਾਪਤਕਰਤਾ ਅਤੇ ਉਹ ਲੋਕ ਸ਼ਾਮਲ ਹਨ ਜਿਨ੍ਹਾਂ ਕੋਲ "federally recognized immigration status" (ਸੰਘੀ ਤੌਰ 'ਤੇ ਮਾਨਤਾ ਪ੍ਰਾਪਤ ਇਮੀਗ੍ਰੇਸ਼ਨ ਸਥਿਤੀ) ਨਹੀਂ ਹੈ।

ਸੰਘੀ ਬਦਲਾਵਾਂ ਦੇ ਕਾਰਨ, DACA ਪ੍ਰਾਪਤਕਰਤਾਵਾਂ ਨੂੰ ਆਪਣੀ ਅਰਜ਼ੀ ਵਿੱਚ ਜਦੋਂ ਪੁੱਛਿਆ ਜਾਵੇ ਕਿ ਕੀ ਉਹ "No" ਕਾਨੂੰਨੀ ਤੌਰ 'ਤੇ ਮੌਜੂਦ (lawfully present) ਹਨ, ਤਾਂ ਉਹਨਾਂ ਨੂੰ "lawfully present" ਨਹੀਂ (No) ਵਿੱਚ ਜਵਾਬ ਦੇਣਾ ਚਾਹੀਦਾ ਹੈ।

## ਪਲਾਨ ਅਤੇ ਪ੍ਰੋਗਰਾਮ ਦੀ ਜਾਣਕਾਰੀ

ਬੀਮਾ ਪ੍ਰਾਪਤ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਵੱਖ-ਵੱਖ ਪਲਾਨ ਅਤੇ ਪ੍ਰੋਗਰਾਮ ਹਨ। ਉਪਲਬਧ ਵਿਕਲਪਾਂ ਬਾਰੇ ਜਾਣਨ ਲਈ ਇੱਕ ਅਰਜ਼ੀ ਸ਼ੁਰੂ ਕਰੋ।

**ਇੱਥੇ ਅਜਿਹੇ ਲਿੰਕ ਹਨ ਜਿਨ੍ਹਾਂ ਵਿੱਚ ਜਾਣਕਾਰੀ ਹੋ ਸਕਦੀ ਹੈ ਜੋ ਤੁਹਾਡੀ ਭਾਸ਼ਾ ਵਿੱਚ ਉਪਲਬਧ ਨਾ ਹੋਵੇ। ਆਪਣੀ ਭਾਸ਼ਾ ਵਿੱਚ ਮਦਦ ਲਈ ਕਿਸੇ ਨੇਵੀਗੇਟਰ ਜਾਂ ਗਾਹਕ ਸਹਾਇਤਾ ਕੇਂਦਰ (Customer Support Center) ਨਾਲ ਸੰਪਰਕ ਕਰੋ।**

1-855-923-4633
TTY/TDD: 1-855-627-9604
200 ਤੋਂ ਵੱਧ ਭਾਸ਼ਾਵਾਂ ਵਿੱਚ ਮਦਦ ਉਪਲਬਧ ਹੈ।

## Cascade Care

Cascade Care ਪਲਾਨ ਕੇਵਲ Washington Healthplanfinder ਰਾਹੀਂ ਹੀ ਉਪਲਬਧ ਹਨ। ਇਹ ਪਲਾਨ ਯੋਗਤਾ ਪੂਰੀ ਕਰਨ ਵਾਲੇ ਲੋਕਾਂ ਲਈ ਵਧੇਰੇ ਕਿਫਾਇਤੀ ਹਨ।

- Cascade Care plans
- Cascade Care Savings

## ਟੈਕਸ ਕ੍ਰੈਡਿਟ

ਟੈਕਸ ਕ੍ਰੈਡਿਟ, ਹਰ ਮਹੀਨੇ ਆਪਣੇ ਸਿਹਤ ਪਲਾਨ ਲਈ ਤੁਹਾਡੇ ਵਲੋਂ ਭੁਗਤਾਨ ਕੀਤੀ ਜਾਣ ਵਾਲੀ ਰਕਮ ਘਟਾ ਸਕਦੇ ਹਨ। ਉਹਨਾਂ ਦਾ ਭੁਗਤਾਨ ਸਰਕਾਰ ਵਲੋਂ ਕੀਤਾ ਜਾਂਦਾ ਹੈ ਅਤੇ ਤੁਹਾਡੇ ਸਿਹਤ ਪਲਾਨ ਦੇ ਪ੍ਰੀਮੀਅਮ 'ਤੇ ਲਾਗੂ ਹੁੰਦੇ ਹਨ। ਟੈਕਸ ਕ੍ਰੈਡਿਟ ਸਿਰਫ਼ ਯੋਗਤਾ ਪੂਰੀ ਕਰਨ ਵਾਲੇ ਲੋਕਾਂ ਲਈ Washington Healthplanfinder ਰਾਹੀਂ ਹੀ ਉਪਲਬਧ ਹਨ।

- ਟੈਕਸ ਕ੍ਰੈਡਿਟ

## Apple Health

Apple Health ਗਰਭਵਤੀ ਲੋਕਾਂ, ਬੱਚਿਆਂ ਅਤੇ ਬਾਲਗਾਂ ਲਈ ਡਾਕਟਰ ਕੋਲ ਨਿਯਮਤ ਤੌਰ 'ਤੇ ਜਾਣ, ਅਤੇ ਐਮਰਜੈਂਸੀ ਰੂਮ ਸੇਵਾਵਾਂ ਲਈ ਮੁਫ਼ਤ ਜਾਂ ਘੱਟ-ਕੀਮਤ ਵਾਲੀ ਪਹੁੰਚ ਪ੍ਰਦਾਨ ਕਰਦਾ ਹੈ। Apple Health ਵਾਸ਼ਿੰਗਟਨ ਵਿੱਚ, Medicaid ਦਾ ਵੀ ਨਾਮ ਹੈ। ਇਹਕੁਝ ਪ੍ਰੋਗਰਾਮ ਹਨ ਜੋ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਉਪਲਬਧ ਹੋ ਸਕਦੇ ਹਨ, ਤੁਹਾਡੇ ਹਵਾਲੇ ਲਈ ਕੁਝ ਨਾਮ ਅੰਗਰੇਜ਼ੀ ਅਤੇ ਤੁਹਾਡੀ ਭਾਸ਼ਾ ਵਿੱਚ ਦਿੱਤੇ ਗਏ ਹਨ:

- Apple Health
- Apple Health for Kids
- Apple Health for Pregnant Individuals
- ਗਰਭ-ਅਵਸਥਾ ਤੋਂ ਬਾਅਦ ਦੀ ਕਵਰੇਜ (After-Pregnancy Coverage)
- ਐਪਲ ਹੈਲਥ ਵਿਸਤਾਰ (Apple Health Expansion)

## ਹੋਰ ਪ੍ਰੋਗਰਾਮ

ਇੱਥੇ ਹੋਰ ਵੀ ਪ੍ਰੋਗਰਾਮ ਹਨ ਜੋ ਸਥਿਤੀ ਜਾਂ ਹਾਲਾਤ ਦੀ ਪਰਵਾਹ ਕੀਤੇ ਬਿਨਾਂ ਤੁਹਾਡੀ ਅਤੇ ਤੁਹਾਡੇ ਪਰਿਵਾਰ ਦੀ ਮਦਦ ਕਰ ਸਕਦੇ ਹਨ।

- ਕੇਵਲ ਪਰਿਵਾਰ ਨਿਯੋਜਨ (Family Planning Only)
- ਮੈਡੀਕਲ ਦੇਖਭਾਲ ਸੇਵਾਵਾਂ (Medical Care Services)
- ਗੈਰ-ਨਾਗਰਿਕਾਂ ਲਈ ਐਮਰਜੈਂਸੀ ਮੈਡੀਕਲ (Alien Emergency Medical)

## ਸਰੋਤ

- ਸਵੀਕਾਰ ਕੀਤੇ ਦਸਤਾਵੇਜ਼ਾਂ ਅਤੇ ਉਹਨਾਂ ਨੂੰ ਜਮ੍ਹਾਂ ਕਰਾਉਣ ਦੇ ਤਰੀਕੇ ਬਾਰੇ ਹੋਰ ਜਾਣੋ।
- ਸਿਹਤ ਅਤੇ ਦੰਦਾਂ ਦੇ ਬੀਮੇ ਲਈ ਅਰਜ਼ੀ ਦੇਣ ਦੇ ਕਦਮਾਂ ਬਾਰੇ ਹੋਰ ਜਾਣੋ।
- ਭਾਸ਼ਾਈ ਸਹਾਇਤਾ ਪ੍ਰਾਪਤ ਕਰਨ ਬਾਰੇ ਹੋਰ ਜਾਣੋ ਅਤੇ ਅਨੁਵਾਦਿਤ ਸਮੱਗਰੀ ਲੱਭੋ।